# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿ),ਗੁਰਦਾਸਪੁਰ

ਵੱਲੋ:

ਜ਼ਿਲ੍ਹਾ ਸਿੱਖਿਆ ਅਫਸਰ(ਐ:ਸਿ)
ਗੁਰਦਾਸਪੁਰ।

ਵੱਲ:-

**ਅਕਾਲ ਅਕੈਡਮੀ ਰਸੂਲਪੁਰ ਬੇਟ**
ਬਲਾਕ ਦਾ ਨਾਮ ਦੀਨਾਨਗਰ-2
ਜ਼ਿਲ੍ਹਾ ਗੁਰਦਾਸਪੁਰ
ਪੱਤਰ ਨੰ:ਆਰ.ਟੀ.ਈ/2020/3211 ਮਿਤੀ ਗੁਰਦਾਸਪੁਰ: 28-9-2020

ਵਿਸ਼ਾ:- ਬੱਚਿਆਂ ਦਾ ਮੁਫਤ ਅਤੇ ਅਤੇ ਲਾਜਮੀ ਸਿੱਖਿਆ ਕਾਨੂੰਨ,2009 ਦੀ ਧਾਰਾ 18 ਦੇ ਮੰਤਵ ਲਈ,ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਨਿਯਮ,2011 ਦੇ ਨਿਯਮ 11 ਦੇ ਉੱਪ ਨਿਯਮ, (4) ਅਧੀਨ ਸਕੂਲ ਵਾਸਤੇ ਮਾਨਤਾ ਪ੍ਰਾਪਤੀ ਪ੍ਰਮਾਣ ਪੱਤਰ।

ਸ੍ਰੀ ਮਾਨ/ਮਤੀ ਜੀ,

ਆਪ ਜੀ ਪਾਸੋ ਪ੍ਰਾਪਤ ਬਿਨੇ ਪੱਤਰ ਅਤੇ ਇਸ ਤੋ ਬਾਅਦ ਵਿੱਚ ਕੀਤੇ ਸਕੂਲ ਨਾਲ ਪੱਤਰ ਵਿਹਾਰ/ ਦੇ ਹਵਾਲੇ ਵਿੱਚ,ਮੈਂ **ਅਕਾਲ ਅਕੈਡਮੀ ਰਸੂਲਪੁਰ ਬੇਟ** ਬਲਾਕ ਦੀਨਾਨਗਰ-2 ਲਈ ਜਮਾਤ ਪਹਿਲੀ ਤੋਂ ਜਮਾਤ ਅੱਠਵੀਂ ਤੱਕ ਮਿਤੀ 01-04-2020 ਤੋਂ ਮਿਤੀ 31-03-2023 ਤੱਕ ਤਿੰਨ ਸਾਲ ਲਈ ਆਰਜੀ ਮਾਨਤਾ ਜਾਰੀ ਕਰਦਾ ਹਾਂ।

ਹੇਠ ਲਿਖਿਆਂ ਸ਼ਰਤਾਂ ਦੀ ਪੂਰਤੀ ਤੋ ਬਾਅਦ ਹੀ ਇਹ ਮੰਜ਼ੂਰੀ ਸਹੀ ਮੰਨੀ ਜਾਵੇਗੀ।
ਸ਼ਰਤਾਂ:

1: ਮਾਨਤਾ ਦੀ ਮੰਜ਼ੂਰੀ ਦਾ ਸਮਾਂ ਵਧਾਇਆ ਨਹੀ ਜਾ ਸਕਦਾ ਅਤੇ ਕਿਸੇ ਵੀ ਸੁਰਤ ਵਿੱਚ ਅੱਠਵੀ ਸ੍ਰੇਣੀ ਤੋ ਅੱਗੇ ਮਾਨਤਾ/ਐਫੀਲੇਸ਼ਨ ਲਈ ਵਚਨਵੱਧ ਨਹੀ ਹੈ।

2: ਸਕੂਲ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਕਾਨੂੰਨ 2009(ਅਨੇਕਚਰ 1) ਅਤੇ ਬੱਚਿਆਂ ਦੇ ਲਾਜਮੀ ਅਤੇ ਮੁਫਤ ਸਿੱਖਿਆ ਦੇ ਨਿਯਮ 2011(ਅਨੈਕਚਰ 2) ਦੀ ਇੰਨਬਿੰਨ ਪਾਲਣਾ ਕਰੇਗਾ।

3: ਸਕੂਲ ਪਹਿਲੀ ਸ੍ਰੇਣੀ ਵਿੱਚ ਦਾਖਲਾ ਕਰੇਗਾ ਅਤੇ ਕਲਾਸ ਦੀ 25 ਪ੍ਰਤੀਸ਼ਤ ਉਸ ਵਿੱਚ ਸਾਰੇ ਵਿਦਿਆਰਥੀ ਜੋ ਕਮਜੋਰ ਵਰਗ ਅਤੇ ਗੈਰ ਲਾਭਦਾਇਕ ਵਰਗ ਜੋ ਕਿ ਉਹਨਾ ਦੇ ਗੁਆਂਢ ਵਿੱਚ ਹੋਣਗੇ ਨੂੰ ਐਲੀਮੈਂਟਰੀ ਸਿੱਖਿਆ ਦੀ ਸਮਾਪਤੀ ਤੱਕ ਮੁਫਤ ਅਤੇ ਲਾਜਮੀ ਸਿੱਖਿਆ ਪ੍ਰਦਾਨ ਕਰਵਾਏਗਾ।ਬਸਰਤੇ ਪ੍ਰੀ ਪ੍ਰਾਇਮਰੀ ਸ੍ਰੇਣੀਆਂ ਉਤੇ ਵੀ ਇਹ ਨਿਯਮ ਲਾਗੂ ਹੋਵੇਗਾ।

4: ਪੈਰਾ ਨੰ:3 ਵਿੱਚ ਦਰਸਾਏ ਵਿਦਿਆਰਥੀਆਂ ਦੇ ਲਈ ਸਕੂਲ,ਕਾਨੂੰਨ ਦੇ ਸੈਕਸ਼ਨ 12 ਦੇ ਸਬਸੈਕਸ਼ਨ 2 ਅਨੁਸਾਰ ਦੀ ਪੂਰਤੀ ਕਰੇਗਾ ਅਤੇ ਇਸ ਪ੍ਰਤੀ ਪੂਰਤੀ ਲਈ ਇੱਕ ਵੱਖਰਾ ਬੈਕ ਖਾਤਾ ਮਹੁੱਈਆਂ ਕਰਵਾਏਗਾ।

5: ਸਕੂਲ ਕੋਈ ਵੀ ਜਬਰੀ ਫੀਸ ਕਿਸੇ ਮਾਪਿਆਂ ਤੋ ਜਾਂ ਸਰਪ੍ਰਸਤ ਤੋ ਕਿਸੇ ਵੀ ਕਾਰਵਾਈ ਲਈ ਇਕੱਠੀ ਨਹੀ ਕਰੇਗਾ।

6: ਸਕੂਲ ਕਿਸੇ ਨੂੰ ਵੀ ਦਾਖਲੇ ਤੋ ਮਨਾਂ ਨਹੀ ਕਰੇਗਾ:-
(ੳ) ਕਿਸੇ ਵੀ ਬੱਚੇ ਨੂੰ ਜਿਸ ਕੋਲ ਜਨਮ ਦਾ ਸਬੂਤ ਨਾ ਹੋਵੇ ਜਾਂ
(ਅ) ਜੇਕਰ ਅਜਿਹੇ ਬੱਚੇ ਨੂੰ ਦਰਸਾਏ ਜਾਂ ਵਧਾਏ ਸਮੇ ਦੋਰਾਨ(ਦਾਖਲਾ ਦੇਣ ਲਈ) ਜੇਕਰ ਦਾਖਲਾ ਦੇ ਦਿੱਤਾ ਜਾਂਦਾ ਹੈ।
(ੲ) ਧਰਮ ,ਜਾਤ,ਪਾਤ,ਜਨਮ ਅਸਥਾਨ ਜਾਂ ਇਹਨਾ ਕਾਰਨਾ ਦੇ ਅਧਾਰ ਤੇ

7: ਸਕੂਲੀ ਯਕੀਨੀ ਬਣਾਏਗਾ:
(ੳ) ਕੋਈ ਵੀ ਦਾਖਲ ਵਿਦਿਆਰਥੀ ਕਿਸੇ ਵੀ ਸ੍ਰੇਣੀ ਵਿੱਚ ਰੋਕਿਆ ਜਾਂ ਕੱਢਿਆ ਨਹੀ ਜਾ ਸਕਦਾ ਜਦੋ ਤੱਕ ਉਸ ਦੀ ਐਲੀਮੈਂਟਰੀ ਸਿੱਖਿਆ ਪੂਰੀ ਨਹੀ ਹੋ ਜਾਂਦੀ।
(ਅ) ਕਿਸੇ ਵੀ ਵਿਦਿਆਰਥੀ ਨੂੰ ਸਰੀਰਕ ਜਾਂ ਮਾਨਸਿਕ ਦੰਡ ਨਹੀ ਦਿੱਤਾ ਜਾਵੇਗਾ।
(ੲ)ਕਿਸੇ ਵੀ ਵਿਦਿਆਰਥੀ ਨੂੰ ਐਲੀਮੈਂਟਰੀ ਸਿੱਖਿਆ ਪੂਰੀ ਕਰਨ ਤੇ ਪਹਿਲਾਂ ਕੋਈ ਵੀ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਜ਼ਰੂਰਤ ਨਹੀ ਹੋਵੇਗੀ।
(ਸ) ਨਿਯਮ 21 ਦੇ ਮੁਤਾਬਿਕ ਹਰੇਕ ਵਿਦਿਆਰਕੀ ਨੂੰ ਐਲੀਮੈਂਟਰੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ।
(ਹ) ਕਾਨੂੰਨ ਦੇ ਤਹਿਤ ਅਪੰਗ,ਅਯੋਗ ਜਾਂ ਵਿਸੇਸ ਜਰੂਰਤਾਂ ਵਾਲੇ ਵਿਦਿਆਰਥੀਆਂ ਨੂੰ ਦਾਖਲ ਕੀਤਾ ਜਾਵੇਗਾ।
(ਕ) ਸੈਕਸ਼ਨ 23 ਦੇ ਸਬ ਸੈਕਸ਼ਨ(1) ਅਨੁਸਾਰ ਨਿਯੁਕਤ ਅਧਿਆਪਕ ਆਪਣੀਆਂ ਵਿਦਿਅਕ ਯੋਗਤਾਵਾਂ ਨੂੰ ਪੂਰਾ ਕਰਦਾ ਹੋਵੇ।ਜੇਕਰ ਪਹਿਲਾਂ ਤੋ ਨਿਯੁਕਤ ਹਨ ਤਾ ਉਹ ਆਪਣੀਆਂ ਲੋੜੀਦੀਆਂ ਘੱਟ ਤੋ ਘੱਟ ਵਿਦਿਅਕ ਯੋਗਤਾਵਾਂ ਕਾਨੂੰਨ ਦੇ ਲਾਗੂ ਹੋਣ ਦੀ ਮਿਤੀ ਤੋ ਨੋਕਰੀ ਵਿੱਚ ਆਉਣ ਦੇ 5 ਸਾਲਾਂ ਦੌਰਾਣ ਪੂਰੀਆਂ ਕਰਨਗੇ।
(ਖ)ਸਿੱਖਿਆ ਕਾਨੂੰਨ ਦੇ ਸੈਕਸ਼ਨ 24 ਅਤੇ ਸਬ ਸੈਕਸ਼ਨ(1) ਅਨੁਸਾਰ ਦਰਸਾਏ ਗਏ ਨਿਯਮਾਂ ਤਹਿਤ ਅਧਿਆਪਕ ਆਪਣੀਆਂ ਡਿਊਟੀਆਂ ਨਿਭਾਉਣਗੇ।
(ਗ) ਆਧਿਆਪਕ ਆਪਣੇ ਆਪ ਨੂੰ ਕਿਸੇ ਵੀ ਕਿਸਮ ਦੀ ਪ੍ਰਾਇਵੇਟ [illegible]
ਕਰਨਗੇ।

8: ਸਕੂਲ,ਯੋਗ ਪ੍ਰਬੰਧਕੀ ਸੰਸਥਾ/ਅਥਾਰਟੀ ਦੁਆਰਾ ਨਿਯਮਿਤ ਕੀਤਾ ਗਿਆ ਸਮਾਂ ਸਾਰਣੀ ਅਤੇ ਪਾਠਕ੍ਰਮ ਵੰਡ ਦਾ ਅਨੁਸਰਣ ਕਰੇਗਾ।

9: ਸਕੂਲ ਕਾਨੂੰਨ ਦੀ ਧਾਰਾ 19 ਵਿੱਚ ਦਰਸਾਏ ਗਏ ਅਨੁਪਾਤ ਅਨੁਸਾਰ ਬੱਚਿਆਂ ਦਾ ਦਾਖਲਾ ਕਰੇਗਾ।

10: ਸਕੂਲ ਸਿੱਖਿਆ ਅਧਿਕਾਰ ਕਾਨੂੰਨ ਦੀ ਧਾਰਾ 19 ਅਨੁਸਾਰ ਮਾਪਦੰਡ ਅਨੁਸਾਰ ਪਾਲਣਾ ਕਰੇਗਾ।ਜੋ ਸਹੂਲਤਾਂ ਪਿਛਲੇ ਸਮੇ ਦੇ ਮੁਆਇਨੇ ਅਨੁਸਾਰ ਦਰਸਾਈਆਂ ਗਈਆਂ ਹਨ,ਜੇਕਰ ਹਨ ਤਾਂ ਹੇਠ ਲਿਖੇ ਅਨੁਸਾਰ ਹਨ :- (ਰਿਪੋਰਟ ਅਨੁਸਾਰ ਹੈ)
ਸਕੂਲ ਦਾ ਖੇਤਰਫਲ (ਰਿਪੋਰਟ ਅਨੁਸਾਰ ਹੈ)
ਬਣਿਆ ਹੋਇਆ ਕੁੱਲ ਖੇਤਰਫਲ(ਰਿਪੋਰਟ ਅਨੁਸਾਰ ਹੈ)
ਖੇਡ ਦੇ ਮੈਦਾਨ ਦਾ ਖੇਤਰਫਲ(ਰਿਪੋਰਟ ਅਨੁਸਾਰ ਹੈ)
ਸ਼੍ਰੇਣੀਆਂ ਦੇ ਕਮਰਿਆਂ ਦੀ ਗਿਣਤੀ(ਰਿਪੋਰਟ ਅਨੁਸਾਰ ਹੈ)
ਮੁੱਖ ਅਧਿਆਪਕ ਕਮ ਅਫਸਰ ਕਮ ਭੰਡਾਰਣ ਦਾ ਕਮਰਾ(ਰਿਪੋਰਟ ਅਨੁਸਾਰ ਹੈ)
ਲਿਖਣ ਪੜਣ ਸੰਬੰਧੀ ਸਮੱਗਰੀ/ਖੇਡਾਂ ਦਾ ਸਮਾਨ/ਲਾਇਬਰੇਰੀ ਦੀ ਸਮੱਗਰੀ ਦੀ ਉਪਲਬਧਤਾ।

11: ਉਸੇ ਸਕੂਲ ਦੇ ਨਾ ਉਤੇ ਸਕੂਨ ਦੇ ਅਹਾਤੇ ਦੇ ਅੰਦਰ ਜਾਂ ਬਾਹਿਰ ਕੋਈ ਵੀ ਗੈਰ ਮਾਨਤਾ ਸ਼੍ਰੇਣੀ ਨਹੀ ਪੜ੍ਹਾਈ ਜਾਵੇਗੀ।

12: ਸਕੂਲ ਦੀ ਇਮਾਰਤ ਅਤੇ ਢਾਂਚਾ ਜਾਂ ਖੇਡ ਦਾ ਮੈਦਾਨ ਸਿਰਫ ਅਤੇ ਸਿਰਫ ਸਕੂਲ ਦੀ ਵਿਦਿਅਕ ਗਤੀਵਿਧੀਆਂ ਅਤੇ ਹੁਨਰ ਦੇ ਵਿਕਾਸ ਲਈ ਹੀ ਵਰਤਿਆ ਜਾਵੇਗਾ।

13: ਸਕੂਲ (1860 ਦੇ ਕਾਨੂੰਨ ਨੰ:21) ਕਾਨੂੰਨ ਤਹਿਤ ਪੰਜੀਕ੍ਰਿਤ ਸੁਸਾਇਟੀ ਵੱਲੋ ਚਲਾਇਆ ਜਾ ਰਿਹਾ ਹੋਵੇ।ਜਾਂ ਕੁਝ ਸਮੇ ਲਈ ਕੋਈ ਵੀ ਜਨਤਕ ਸੰਸਥਾ ਦੁਆਰਾ ਚਲਾਇਆ ਜਾ ਕੰਮ ਕਰ ਰਿਹਾ ਹੋਵੇ।

14: ਸਕੂਲ ਕਿਸੇ ਵੀ ਵਿਅਕਤੀਗਤ ਵਰਗ ਜਾਂ ਵਿਅਕਤੀਗਤ ਗਠਜੋੜ ਨੂੰ ਫਾਇਦਾ ਨਾ ਪਹੁੰਚਾਉਣ ਲਈ ਨਾ ਚਲਾਇਆ ਜਾਂਦਾ ਹੋਵੇ।

15: ਸਕੂਲ ਦਾ ਲੇਖਾ ਜੋਖਾ ਪ੍ਰਮਾਣਿਤ ਲੇਖਾਕਾਰ/ਸੀ:ਏ: ਕੋਲੋ ਲਿਰੀਖਤ ਕੀਤਾ ਹੋਵੇ ਅਤੇ ਨਿਯਮਾਂ ਮੁਤਾਬਿਕ ਲੇਖੇ ਦੀ ਸਾਰਣੀ ਬਣਾਈ ਹੋਣੀ ਚਾਹੀਦੀ ਹੈ।ਹਰ ਵਰ੍ਹੇ ਸਾਰਣੀ ਉਤਾਰਾ ਜ਼ਿਲ੍ਹਾ ਸਿੱਖਿਆ ਅਫਸਰ(ਐ:ਸਿ) ਨੂੰ ਸੂਚਨਾਂ ਹਿੱਤ ਭੇਜਿਆ ਜਾਵੇਗਾ।

16: ਆਪ ਜੀ ਦੇ ਸਕੂਲ ਦਾ ਮਾਨਤਾ ਪ੍ਰਾਪਤ ਸਨਾਖਤੀ ਨੰ ਉੱਕਤ ਅਨੁਸਾਰ ਹੈ।(ਕਿਰਪਾ ਕਰਕੇ ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਅੱਗੇ ਤੋ ਭਵਿੱਖ ਵਿੱਚ ਇਹ ਸਨਾਖਤੀ ਨੰਬਰ ਪੱਤਰ ਵਿਵਹਾਰ ਕਰਦੇ ਸਮੇ ਦਰਸਾਇਆ ਜਾਵੇ।

17: ਸਕੂਲ ਅਜਿਹੀਆਂ ਸਾਰੀਆਂ ਰਿਪੋਰਟਾਂ ਅਤੇ ਸੂਚਨਾਂ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਨਿਰਦੇਸ਼ਕ ਸਿੱਖਿਆ ਵਿਭਾਗ ਨੂੰ ਸਮੇ ਸਮੇ ਪੁਜਦਾ ਕਰੇਗਾ ਅਤੇ ਰਾਜ ਸਰਕਾਰ ਜਾਂ ਸਥਾਨਕ ਪ੍ਰਬੰਧਕ ਨੂੰ ਸਮੇ ਸਮੇ ਉਹਨਾ ਵੱਲੋਂ ਨਿਰਦੇਸ਼ਿਤ ਸੂਚਨਾਂ ਮਹੁੱਈਆਂ ਕਰਵਾਉਣ ਲਈ ਪਾਬੰਦ ਹੋਵੇਗਾ।ਜਿਹੜੀਆਂ ਸਕੂਲ ਵੱਲੋ ਦੂਰ ਕੀਤੀਆਂ ਗਈਆਂ ਘਾਟਾਂ ਜਿਹੜੀਆਂ ਕਿ ਉਸ ਨੂੰ ਪੰਜਕ੍ਰਿਤ ਹੋਣ ਲਈ ਜ਼ਰੂਰੀ ਹਨ।

18: ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸੰਸਥਾ ਦੀ ਪੰਜੀਕਰਨ ਨਵਿਆਈ ਗਈ ਹੈ।

19: ਹੋਰ ਸ਼ਰਤਾਂ ਅਨੈਕਚਰ 3 ਅਨੁਸਾਰ ਨਾਲ ਨੱਥੀ ਹਨ।

ਨੋਟ :- ਇਹ ਮਾਨਤਾ ਇਸ ਸ਼ਰਤ ਤੇ ਜਾਰੀ ਕੀਤੀ ਜਾਂਦੀ ਹੈ ਕਿ ਸਕੂਲ ਹਰ ਸਾਲ ਬਿਲਡਿੰਗ ਸੇਫਟੀ ਸਰਟੀਫਿਕੇਟ,ਫਾਇਰ ਸੇਫਟੀ ਅਤੇ ਪਾਣੀ ਦੀ ਸ਼ੁਧਤਾ ਸਬੰਧੀ ਸਰਟੀਫਿਕੇਟ ਮਿਆਦ ਅਨੁਸਾਰ ਸਬੰਧਤ ਵਿਭਾਗ ਤੋਂ ਨਿਵਾਉਣ ਉਪਰੰਤ ਨਿਮਨ ਹਸਤਾਖਰੀ ਦੇ ਦਫ਼ਤਰ ਵਿਖੇ 30 ਅਪ੍ਰੈਲ ਤੱਕ ਜਮਾਂ ਕਰਵਾਏਗਾ।

District Education Officer (EE)
cum District Project Director
SSA, Gurdaspur
ਜ਼ਿਲ੍ਹਾ ਸਿੱਖਿਆ ਅਫਸਰ(ਐ:ਸਿ)
ਗੁਰਦਾਸਪੁਰ।